ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 15 ਨਵੰਬਰ 2025 ਦਿਨ ਸ਼ਨੀਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਬਲਬੀਰ ਪਰਵਾਨਾ ਦੇ ਨਾਵਲ 'ਰੌਲਿਆਂ ਵੇਲੇ' ਨੂੰ ਮਿਲਿਆ 25 ਹਜਾਰ ਡਾਲਰ ਦਾ 'ਢਾਹਾਂ ਪੰਜਾਬੀ ਸਾਹਿਤ ਪੁਰਸਕਾਰ'

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 15 ਨਵੰਬਰ : ਪੰਜਾਬੀ ਸਾਹਿਤ ਦਾ ਸਭ ਤੋਂ ਮਹੱਤਵਪੂਰਨ ਅਤੇ ਸਭ ਤੋਂ ਵੱਡੀ ਇਨਾਮੀ ਰਕਮ ਵਾਲਾ ਢਾਹਾਂ ਪੰਜਾਬੀ ਸਾਹਿਤ ਪੁਰਸਕਾਰ 2025 ਇਸ ਵਾਰ ਪ੍ਰਸਿੱਧ ਲੇਖਕ ਬਲਬੀਰ ਪਰਵਾਨਾ ਦੇ ਨਾਵਲ 'ਰੌਲਿਆਂ ਵੇਲੇ' ਨੂੰ ਦਿੱਤਾ ਗਿਆ ਹੈ। ਬੀਤੀ ਸ਼ਾਮ ਹੋਏ ਇਕ ਵਿਸ਼ੇਸ਼ ਸਮਾਗਮ ਦੌਰਾਨ ਸ੍ਰੀ ਪਰਵਾਨਾ ਨੂੰ 25,000 ਕੈਨੇਡੀਅਨ ਡਾਲਰ ਦਾ ਮੁੱਖ ਇਨਾਮ ਭੇਟ ਕਰਦੇ ਹੋਏ ਉਨ੍ਹਾਂ ਦੀ ਰਚਨਾ ਨੂੰ ਅੰਤਰਰਾਸ਼ਟਰੀ ਪਾਠਕ-ਵਰਗ ਤੱਕ ਇੱਕ ਨਵੀਂ ਪਹਿਚਾਣ ਪ੍ਰਦਾਨ ਕਰਵਾਈ ਗਈ ਹੈ।



ਦੂਜਾ ਇਨਾਮ ਪਾਕਿਸਤਾਨ ਦੇ ਲਾਹੌਰ ਤੋਂ ਲੇਖਕ ਮੁਦੱਸਰ ਬਸ਼ੀਰ ਅਤੇ ਜਲੰਧਰ ਦੇ ਕਲਮਕਾਰ ਭਗਵੰਤ ਰਸੂਲਪੁਰੀ ਪ੍ਰਦਾਨ ਕੀਤਾ ਗਿਆ ਹੈ। ਇਨ੍ਹਾਂ ਦੋਹਾਂ ਨੂੰ 10–10 ਹਜ਼ਾਰ ਕੈਨੇਡੀਅਨ ਡਾਲਰ ਨਾਲ ਸਨਮਾਨਿਤ ਕੀਤਾ ਗਿਆ। ਬਸ਼ੀਰ ਨੂੰ ਉਨ੍ਹਾਂ ਦੇ ਨਾਵਲ 'ਗੋਇਲ' ਲਈ, ਜਦਕਿ ਰਸੂਲਪੁਰੀ ਨੂੰ ਉਨ੍ਹਾਂ ਦੇ ਚਰਚਿਤ ਕਹਾਣੀ-ਸੰਗ੍ਰਹਿ 'ਡਿਲਿਵਰੀ ਮੈਨ' ਲਈ ਪੁਰਸਕਾਰ ਪ੍ਰਦਾਨ ਕੀਤਾ ਗਿਆ।

ਸਨਮਾਨ ਪ੍ਰਾਪਤ ਕਰਦੇ ਸਮੇਂ ਆਪਣੇ ਅਹਿਸਾਸ ਸਾਂਝੇ ਕਰਦੇ ਹੋਏ ਬਲਬੀਰ ਪਰਵਾਨਾ ਨੇ ਕਿਹਾ: "ਇਹ ਪੁਰਸਕਾਰ ਮੇਰੇ ਲਈ ਸਿਰਫ਼ ਇੱਕ ਇਨਾਮ ਨਹੀਂ, ਸਗੋਂ ਮੇਰੇ ਨਾਵਲ ਲਈ ਨਵੇਂ ਪਾਠਕਾਂ ਦੀ ਦੁਨੀਆ ਦਾ ਦਰਵਾਜ਼ਾ ਹੈ। ਆਪਣੇ ਨਾਮ ਦਾ ਐਲਾਨ ਸੁਣ ਕੇ ਮੈਨੂੰ ਜੋ ਖੁਸ਼ੀ ਅਤੇ ਉਤਸ਼ਾਹ ਮਿਲਿਆ, ਉਹ ਸ਼ਬਦਾਂ ਵਿੱਚ ਸਮਾਉਣਾ ਮੁਸ਼ਕਿਲ ਹੈ। ਇਹ ਸਨਮਾਨ ਮੈਨੂੰ ਹੋਰ ਡੂੰਘਾਈ ਅਤੇ ਸਮਰਪਣ ਨਾਲ ਲਿਖਣ ਲਈ ਪ੍ਰੇਰਨਾ ਦਿੰਦਾ ਰਹੇਗਾ।"

ਸੱਟੇ ਸਬੰਧੀ ਖਬਰ ਪ੍ਰਕਾਸ਼ਿਤ ਕਰਨ ਤੇ ਭੜਕਿਆ ਇਸ ਧੰਦੇ ਚ ਕਥਿਤ ਤੌਰ ਤੇ ਸ਼ਾਮਿਲ ਡੀ ਐੱਸ ਪੀ

ਅਖ਼ਬਾਰ ਦੇ ਮੁੱਖ ਸੰਪਾਦਕ ਨੂੰ ਦਿੱਤੀ ਫੋਨ ਤੇ ਧਮਕੀ

ਡੀ ਐੱਸ ਪੀ ਨੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਿਆ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ

ਸ੍ਰੀ ਮੁਕਤਸਰ ਸਾਹਿਬ 15 ਨਵੰਬਰ : ਇਸਨੂੰ ਪੰਜਾਬ ਸਰਕਾਰ ਦੀ ਨਲਾਇਕੀ ਕਹੀਏ ਜਾਂ ਤਜ਼ਰਬੇ ਦੀ ਘਾਟ ਕਿ ਪੰਜਾਬ ਦੀ ਜਿਆਦਾਤਰ ਅਫ਼ਸਰਸ਼ਾਹੀ ਨਾ ਸਿਰਫ਼ ਗੈਰ ਕਾਨੂੰਨੀ ਧੰਦਿਆਂ ਚ ਲਿਪਤ ਹੀ ਹੋ ਚੁੱਕੀ ਹੈ ਬਲਕਿ ਲੋਕਤੰਤਰ ਦਾ ਚੌਥਾ ਸਤੰਭ ਕਹੇ ਜਾਣ ਵਾਲੇ ਮੀਡੀਆ ਨੂੰ ਵੀ ਧਮਕਾਉਣ ਤੇ ਉੱਤਰ ਆਈ ਹੈ। ਸਰਕਾਰ ਅਤੇ ਇਸਦੇ ਵਿਧਾਇਕ ਅਤੇ ਮੰਤਰੀ ਭਾਵੇਂ ਡੀਂਗਾ ਮਾਰਦੇ ਨਹੀਂ ਥੱਕਦੇ ਕਿ ਪੰਜਾਬ ਵਿੱਚ ਲਾਅ ਅਤੇ ਆਰਡਰ ਦੀ ਸਥਿਤੀ ਪੂਰੀ ਤਰਾਂ ਕੰਟਰੋਲ ਹੇਠ ਹੈ ਪਰ ਸਰਕਾਰ ਦੇ ਨੱਕ ਹੇਠ ਪੰਜਾਬ ਦੇ ਕਈ ਅਫ਼ਸਰਾਂ ਦੀ ਗੈਰ ਕਾਨੂੰਨੀ ਧੰਦਿਆਂ ਚ ਸ਼ਮੂਲੀਅਤ ਦੇ ਕਿੱਸੇ ਅਕਸਰ ਸਰਕਾਰ ਦਾ ਮੂੰਹ ਚਿੜਾਉਂਦੇ ਹੋਇ ਆਏ ਦਿਨ ਅਖ਼ਬਾਰਾਂ ਦੀ ਸੁਰਖੀ ਬਣਦੇ ਹਨ।

ਕੁੱਝ ਅਜਿਹਾ ਹੀ ਮਾਮਲਾ ਸ੍ਰੀ ਮੁਕਤਸਰ ਸਾਹਿਬ ਤੋਂ ਸਾਹਮਣੇ ਆਇਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਇਸ ਸ਼ਹਿਰ ਵਿੱਚ ਦੜੇ ਸੱਟੇ, ਜੂਏ ਆਦਿ ਦਾ ਕਥਿਤ ਧੰਦਾ ਚੱਲਣਾ ਨਾ ਸਿਰਫ਼ ਇਸ ਪਵਿੱਤਰ ਸ਼ਹਿਰ ਦੀ ਬੇਅਦਬੀ ਹੈ ਬਲਕਿ ਇੱਥੋਂ ਦੇ ਪ੍ਰਸ਼ਾਸ਼ਨ ਲਈ ਵੀ ਬੇਹੱਦ ਸਰਮਨਾਕ ਹੈ। ਇਸ ਸਬੰਧੀ ਜਿਆਦਾ ਜਾਣਕਾਰੀ ਲੈਣ ਲਈ ਜਦੋਂ ਅਦਾਰਾ ਪੰਜਾਬ ਦਾ ਖੁਲਾਸਾ ਦੇ ਮੁੱਖ ਸੰਪਾਦਕ ਸ੍ਰੀ ਮਨਪ੍ਰੀਤ ਮੋਨੂੰ ਨਾਲ ਫੋਨ ਤੇ ਸੰਪਰਕ ਕੀਤਾ ਤਾਂ ਉਹਨਾਂ ਦੱਸਿਆ ਕਿ ਪਿਛਲੇ ਦਿਨੀ ਅਦਾਰਾ ਪੰਜਾਬ ਦਾ ਖੁਲਾਸਾ ਨੇ ਇੱਕ ਖ਼ਬਰ ਪ੍ਰਕਾਸ਼ਿਤ ਕੀਤੀ ਸੀ ਜਿਸ ਵਿੱਚ ਇੱਥੋਂ ਦੇ ਕਈ ਇਲਾਕਿਆਂ ਜਿਵੇਂ ਗੋਨੇਆਣਾ ਰੋਡ, ਕੋਟਲੀ ਰੋਡ, ਦਾਣਾ ਮੰਡੀ, ਰੇਲਵੇ ਸਟੇਸ਼ਨ ਨੇੜੇ, ਬੂੜਾ ਗੁੱਜਰ ਰੋਡ ਅਤੇ ਹੋਰ ਕਈ ਥਾਵਾਂ ਤੇ ਲੰਮੇ ਸਮੇਂ ਤੋਂ ਸ਼ਰੇਆਮ ਚਲਦਾ ਸੱਟੇ ਦਾ ਧੰਦਾ ਸਮੇਤ ਇਸ ਗੈਰ ਕਾਨੂੰਨੀ ਧੰਦੇ ਚ ਸ਼ਾਮਿਲ ਖਾਈਵਾਲ ਲੋਕਾਂ ਦੇ ਨਾਮ ਤੱਕ ਨਸ਼ਰ ਕੀਤੇ ਸਨ। ਇਸ ਅਖਬਾਰ ਦੀ ਖ਼ਬਰ ਅਨੁਸਾਰ ਤਾਂ ਇੱਥੋਂ ਤੱਕ ਕਿਹਾ ਗਿਆ ਸੀ ਕਿ ਸ਼ਹਿਰ ਵਿੱਚ ਇਹ ਆਮ ਲੋਕਚਰਚਾ ਹੈ ਕਿ ਇਹ ਧੰਦਾ ਪੁਲਿਸ ਦੀ ਸ਼ਹਿ ਤੇ ਚੱਲ ਰਿਹਾ ਹੈ ਅਤੇ ਜੇਕਰ ਇਹ ਧੰਦਾ ਬੰਦ ਹੁੰਦਾ ਹੈ ਤਾਂ ਇੱਥੋਂ ਦੇ ਇੱਕ ਡੀ ਐੱਸ ਪੀ ਅਤੇ ਉਸਦੇ ਹੇਠਲੇ ਅਧਿਕਾਰੀਆਂ ਦੀ ਕਾਲੀ ਕਮਾਈ ਬੰਦ ਹੁੰਦੀ ਹੈ। ਸ੍ਰੀ ਮੋਨੂੰ ਨੇ ਅੱਗੇ ਦੱਸਿਆ ਕਿ ਇਸ ਖ਼ਬਰ ਤੋਂ ਬਾਅਦ ਇਲਾਕੇ ਦੇ ਡੀ ਐੱਸ ਪੀ ਨੇ ਉਸਨੂੰ ਵ੍ਹਟਸਐਪ ਕਾਲ ਰਾਹੀਂ ਧਮਕੀ ਦਿੰਦਿਆਂ ਕਿਹਾ ਕਿ ਉਸਨੂੰ ਪੁਲਿਸ ਮਹਿਕਮੇ ਖਾਸਕਰ ਉਕਤ ਅਧਿਕਾਰੀ ਖਿਲਾਫ਼ ਲਿਖਣਾ ਮਹਿੰਗਾ ਪਏਗਾ ਅਤੇ ਉਸਨੂੰ ਕਿਸੇ ਝੂਠੇ ਮੁਕੱਦਮੇ ਵਿੱਚ ਉਲਝਾ ਲਿਆ ਜਾਵੇਗਾ।

ਇਸ ਸਬੰਧੀ ਜਦੋਂ ਡੀ ਐੱਸ ਪੀ ਨਵੀਨ ਕੁਮਾਰ ਨਾਲ ਉਹਨਾਂ ਦਾ ਪੱਖ ਜਾਣਨ ਲਈ ਫੋਨ ਕੀਤਾ ਗਿਆ ਤਾਂ ਉਹਨਾਂ ਕਿਹਾ ਕਿ ਉਹਨਾਂ ਨੇ ਕੋਈ ਧਮਕੀ ਨਾ ਦੇਕੇ ਸਿਰਫ਼ ਉਕਤ ਸੰਪਾਦਕ ਨੂੰ ਇਸ ਨਿਰਅਧਾਰ ਖ਼ਬਰ ਪ੍ਰਕਾਸ਼ਿਤ ਕਰਨ ਤੇ ਮਾਣਹਾਨੀ ਦਾ ਕੇਸ ਕਰਨ ਸਬੰਧੀ ਕਿਹਾ ਸੀ। ਜਦੋਂ ਉਨ੍ਹਾਂ ਨੂੰ ਸ਼ਹਿਰ ਚ ਚਲਦੇ ਸੱਟੇ ਆਦਿ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਮੀਡੀਆ ਟੀਮ ਜਦੋਂ ਮਰਜ਼ੀ ਆਕੇ ਦੱਸੇ ਗਏ ਇਹਨਾਂ ਇਲਾਕਿਆਂ ਦਾ ਦੌਰਾ ਕਰ ਸਕਦੀ ਹੈ ਲਗਾਏ ਗਏ ਸਾਰੇ ਇਲਜ਼ਾਮ ਬੇ ਬੁਨਿਆਦ ਹਨ।

ਨਾਨ ਪੀਐਮ ਸ਼੍ਰੀ ਸਕੂਲਾਂ ਦੇ 83 ਅੰਗਰੇਜੀ ਲੈਕਚਰਾਰਾਂ ਨੂੰ ਦਿੱਤੀ ਟਰੇਨਿੰਗ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ 15 ਨਵੰਬਰ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਿਵਲ ਲਾਈਨਜ਼ ਵਿਖੇ ਅੰਗਰੇਜੀ ਲੈਕਚਰਾਰਾਂ ਦੀ ਇੱਕ ਰੋਜ਼ਾ ਟਰੇਨਿੰਗ ਸਫਲਤਾਪੂਰਵਕ ਸੰਪੰਨ ਹੋਈ।ਇਸ ਟਰੇਨਿੰਗ ਬਾਰੇ ਜਾਣਕਾਰੀ ਦਿੰਦੇ ਹੋਏ ਜਾਗਰਿਤੀ ਗੌਜ਼ ਨੇ ਦੱਸਿਆ ਕਿ ਇਸ ਦੌਰਾਨ ਕਲਾਸ ਰੂਮ ਐਨਰਜਾਈਜ਼ਰ, ਟੰਗ ਟਵਿੱਸਟਰ, ਕਲਾਸ ਰੂਮ ਲੈਗੂਏਜ਼, ਫੋਨੈਟਿਕਸ, ਭਾਸ਼ਾ ਦੀਆਂ ਚਾਰ ਨਿਪੁੰਨਤਾਵਾਂ ਸੁਣਨਾ, ਬੋਲਣਾ, ਪੜ੍ਹਨਾ ਅਤੇ ਲਿਖਣਾ, ਕਵਿਤਾ, ਕਹਾਣੀ, ਲੇਖ, ਨਾਟਕ, ਵਿਆਕਰਨ, ਸ਼ਬਦ ਭੰਡਾਰ, ਆਰਟੀਫਿਸ਼ਲ ਇੰਟੈਲੀਜੈਂਸੀ, ਭਾਵਨਾਤਕ ਵਿਚਾਰਧਾਰਾ ਦਾ ਪ੍ਰਸਾਰ ਕਰਨਾ ਆਦਿ ਬਾਰੇ ਅਧਿਆਪਕਾਂ ਨੂੰ ਦੱਸਿਆ ਗਿਆ।ਅਧਿਆਪਕਾਂ ਵੱਲੋਂ ਜਿਲ੍ਹਾ ਰਿਸੋਰਸ ਪਰਸਨ ਮਨੋਜ਼ ਕੁਮਾਰ (ਜਿਲ੍ਹਾ ਇੰਚਾਰਜ), ਯਾਦਵਿੰਦਰ ਕੁਮਾਰ, ਅਨੁਰਾਧਾ, ਵਰਿੰਦਰ ਸਹੋਤਾ, ਜ਼ਸਵੀਰ ਸਿੰਘ ਦੀ ਕਾਰਗੁਜ਼ਾਰੀ ਨੂੰ ਸਰਾਹਿਆ ਗਿਆ। ਡੀਆਰਸੀ ਲਲਿਤ ਮੇਦਗਿਲ ਨੇ ਅਧਿਆਪਕਾਂ ਨੂੰ ਸੰਬੋਧਨ ਕਰਦੇ ਹੋਏ ਅੰਗਰੇਜੀ ਦੀ ਮਹੱਤਤਾ, ਇੰਗਲਿਸ਼ ਸਰਕਲ ਦੀਆਂ ਗਤੀਵਿਧੀਆਂ, ਆਰਸੀਏ ਅਤੇ ਰੀਡ ਟੂ ਮੀ ਐਮ ਦੇ ਬਾਰੇ ਜਾਣਕਾਰੀ ਦਿੱਤੀ। ਇਸ ਟਰੇਨਿੰਗ ਪ੍ਰੋਗਰਾਮ ਦੀ ਸਫਲਤਾ ਵਿੱਚ ਸਕੂਲ ਪ੍ਰਿੰਸੀਪਲ ਸੀਮਾ ਓਪਲ, ਲੈਕਚਰਾਰ ਗਦਿਤ ਰਾਮ ਲਾਲ, ਦਿਗਵਿਜੈ ਸਿੰਗਲਾ, ਹਰਬੰਸ ਸ਼ਰਮਾ, ਚਮਨ ਸ਼ਰਮਾ ਅਤੇ ਹਿਮਾਂਸ਼ੂ ਅਗਰਵਾਲ ਬੀਆਰਸੀ ਦਾ ਸਹਿਯੋਗ ਰਿਹਾ।

ਮਹਾਂਉਤਸਵ ਦੇ ਪਹਿਲੇ ਦਿਨ ਦੀਆਂ ਗਤੀਵਿਧੀਆਂ ਨੂੰ ਭਰਭੂਰ ਹੁੰਗਾਰਾ ਮਿਲਿਆ ਜਿਸ ਨਾਲ ਅਗਲੇ ਦੋ ਦਿਨਾਂ ਲਈ ਵਾਤਾਵਰਣ ਸੁਰੱਖਿਆ ਤੇ ਸਥਿਰ ਵਿਕਾਸ ਨਾਲ ਸੰਬੰਧਿਤ ਹੋਰ ਗਤੀਵਿਧੀਆਂ ਲਈ ਵਿਦਿਆਰਥੀਆਂ ਵਿੱਚ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਸੀ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੰਘਾਂਵਾਲਾ ਵਿਖੇ ਪੰਜਾਬੀ ਮਾਹ ਅਤੇ ਬਾਲ ਦਿਵਸ ਮਨਾਇਆ

ਵਰਲਡ ਪੰਜਾਬੀ ਟਾਈਮਜ਼

ਮੋਗਾ 15 ਨਵੰਬਰ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੰਘਾਂਵਾਲਾ ਮੋਗਾ ਵਿਖੇ ਪੰਜਾਬੀ ਮਾਹ ਅਤੇ ਬਾਲ ਦਿਵਸ ਪ੍ਰਿੰਸੀਪਲ ਰਣਜੀਤ ਸਿੰਘ ਹਠੂਰ ਦੀ ਅਗਵਾਈ ਹੇਠ ਬੱਚਿਆਂ ਅਤੇ ਸਕੂਲ ਸਟਾਫ ਦੀ ਭਰਵੀਂ ਹਾਜ਼ਰੀ ਵਿੱਚ ਮਨਾਇਆ ਗਿਆ। ਜਿਸ ਵਿੱਚ ਸ.ਅਜੀਤਪਾਲ ਸਿੰਘ ਜਿਲ੍ਹਾ ਭਾਸ਼ਾ ਅਫਸਰ ਮੋਗਾ ਅਤੇ ਵਿਸ਼ੇਸ਼ ਮਹਿਮਾਨ ਵਜੋਂ ਡਾ.ਸੁਰਜੀਤ ਸਿੰਘ ਦੌਧਰ ਪਹੁੰਚੇ।

ਇਸ ਦੌਰਾਨ ਸਕੂਲੀ ਬੱਚਿਆਂ ਨੇ ਪੰਜਾਬੀ ਬਾਲ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਮੁੱਖ ਮਹਿਮਾਨ ਡਾ.ਅਜੀਤਪਾਲ ਸਿੰਘ ਜਿਲ੍ਹਾ ਭਾਸ਼ਾ ਅਫਸਰ ਨੇ ਸਾਰੇ ਬੱਚਿਆਂ ਨੂੰ ਉਹਨਾਂ ਦੇ ਬਚਪਨ ਨੂੰ ਮਾਣਦਿਆਂ ਮਿਹਨਤ ਨਾਲ ਪੜ੍ਹਾਈ ਕਰਨ ਬਾਰੇ ਪ੍ਰੇਰਿਤ ਕੀਤਾ ਅਤੇ ਪੰਜਾਬੀ ਭਾਸ਼ਾ ਸਬੰਧੀ ਜਾਗਰੂਕ ਕੀਤਾ। ਉਹਨਾਂ ਇਹ ਪ੍ਰੋਗਰਾਮ ਕਰਵਾਉਣ ਲਈ ਸਕੂਲ ਪ੍ਰਿੰਸੀਪਲ ਅਤੇ ਸਟਾਫ ਨੂੰ ਵਧਾਈ ਦਿੱਤੀ। ਵਿਸ਼ੇਸ਼ ਮਹਿਮਾਨ ਡਾ.ਸੁਰਜੀਤ ਸਿੰਘ ਦੌਧਰ ਨੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਪ੍ਰਤੀ ਬਹੁਤ ਹੀ ਪ੍ਰੇਰਨਾਮਈ ਸ਼ਬਦਾਂ ਨਾਲ ਸੰਬੋਧਨ ਕੀਤਾ।ਇਹਨਾਂ ਸ਼ਖਸ਼ੀਅਤਾਂ ਦੁਆਰਾ ਸਕੂਲ ਦੇ ਤਿੰਨ ਟੌਪਰ ਵਿਦਿਆਰਥੀਆਂ ਗੁਰਮਨ ਕੌਰ,ਗੁਰਪਿੰਦਰ ਕੌਰ ਅਤੇ ਕਰਨ ਦਾ ਸਨਮਾਨ ਕੀਤਾ ਗਿਆ। ਪ੍ਰਿੰਸੀਪਲ ਸ.ਰਣਜੀਤ ਸਿੰਘ ਹਠੂਰ ਅਤੇ ਸਮੂਹ ਸਟਾਫ ਨੇ ਮੁੱਖ ਮਹਿਮਾਨ ਡਾ.ਅਜੀਤਪਾਲ ਸਿੰਘ ਅਤੇ ਡਾ.ਸੁਰਜੀਤ ਸਿੰਘ ਦੌਧਰ ਦਾ ਵਿਸ਼ੇਸ਼ ਸਨਮਾਨ ਕੀਤਾ।

ਸਟੇਜ ਸੰਚਾਲਨ ਦੀ ਕਾਰਵਾਈ ਸ਼੍ਰੀਮਤੀ ਬਬੀਤਾ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ। ਪ੍ਰੋਗਰਾਮ ਦੇ ਅੰਤ ਵਿੱਚ ਸਮੂਹ ਵਿਦਿਆਰਥੀਆਂ ਨੂੰ ਲੱਡੂ ਵੰਡੇ ਗਏ। ਇਸ ਪ੍ਰੋਗਰਾਮ ਦੀ ਤਿਆਰੀ ਵਿੱਚ ਲੈਕਚਰਾਰ ਮੈਡਮ ਰੇਨੂੰ ਗੁਪਤਾ, ਲੈਕਚਰਾਰ ਨੀਲਮ ਮੈਡਮ ਅਤੇ ਲੈਕਚਰਾਰ ਜਸਵੰਤ ਕੌਰ ,ਸ.ਅੰਮ੍ਰਿਤਪਾਲ ਸਿੰਘ ਅਤੇ ਸ. ਹਰਜਿੰਦਰ ਸਿੰਘ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਇਸ ਮੌਕੇ ਲੈਕਚਰਾਰ ਨੀਲਮ ਮੈਡਮ,ਲੈਕਚਰਾਰ ਜਸਵੰਤ ਕੌਰ,ਕੈਂਪਸ ਮੈਨੇਜਰ ਸ.ਸਰਕਰਨ ਸਿੰਘ,ਮੈਡਮ ਰੀਤੂ ਬੇਰੀ,ਸ਼੍ਰੀਮਤੀ ਹਰਿੰਦਰ ਕੌਰ,ਸ. ਗੁਰਪ੍ਰੀਤ ਸਿੰਘ, ਸ.ਗੁਰਮੀਤ ਸਿੰਘ, ਸ੍ਰੀ ਵਿਨੈ ਕੁਮਾਰ,ਸ.ਆਤਮਾ ਸਿੰਘ, ਸ਼੍ਰੀਮਤੀ ਰੁਪਿੰਦਰ ਕੌਰ, ਸ੍ਰੀ ਮੁਕੇਸ਼ ਕੁਮਾਰ,ਸ਼੍ਰੀਮਤੀ ਮੀਨਾਕਸ਼ੀ,ਸ਼੍ਰੀਮਤੀ ਗੀਤਾ ਮਰਵਾਹਾ,ਮੈਡਮ ਪਰਮਜੀਤ ਕੌਰ,ਮੈਡਮ ਟੀਨਾ, ਮੈਡਮ ਸ਼ਾਖਸ਼ੀ,ਮੈਡਮ ਸ਼ੈਫੀ ਬੁਲੰਦੀ,ਮਨਪ੍ਰੀਤ ਕੌਰ,ਮੈਡਮ ਰਣਦੀਪ ਕੌਰ,ਮੈਡਮ,ਛੋਹਪ੍ਰੀਤ ਕੌਰ, ਸ.ਗੁਲਦੂ ਸਿੰਘ,ਸ.ਨਿਸ਼ਾਨ ਸਿੰਘ ਆਦਿ ਕਰਮਚਾਰੀ ਹਾਜ਼ਰ ਸਨ।

ਪ੍ਰਭੂ ਆਸਰਾ ਦੁਆਰਾ ਲਗਾਏ ਪੰਘੂੜੇ ਵਿੱਚ ਕੋਈ ਛੱਡ ਗਿਆ ਦੋ ਮਹੀਨੇ ਬੱਚੀ

ਵਰਲਡ ਪੰਜਾਬੀ ਟਾਈਮਜ਼ ਰੋਮੀ ਘੜਾਮਾਂ

ਕੁਰਾਲੀ, 15 ਨਵੰਬਰ : ਆਪਣੀਆਂ ਮਾਨਵਤਾਵਾਦੀ ਸੇਵਾਵਾਂ ਲਈ ਜਾਣੀ ਪਛਾਣੀ ਸੰਸਥਾ ਪ੍ਰਭੂ ਆਸਰਾ ਪੜਿਆਲਾ ਦੀਆਂ ਕਾਰਜਵਿਧੀਆਂ ਵਿੱਚੋਂ ਪੰਘੂੜੇ ਦੀ ਸੇਵਾ ਵੀ ਅਹਿਮ ਸਥਾਨ ਰੱਖਦੀ ਹੈ। ਸੰਸਥਾ ਨੇ ਮੁੱਖ ਗੇਟ ਦੇ ਬਾਹਰ ਪੰਘੂੜਾ ਲਾਇਆ ਹੋਇਆ ਹੈ। ਜਿਸ ਉੱਤੇ ਲਿਖਿਆ ਹੈ 'ਭਰੂਣ ਹੱਤਿਆ ਨਹੀਂ ਪੰਘੂੜਾ'। ਇਸ ਮੁੱਖ ਗੇਟ 'ਤੇ 24 ਘੰਟੇ ਮੁਲਾਜ਼ਮ ਤਾਇਨਾਤ ਰਹਿੰਦੇ ਹਨ। ਇਸੇ ਪੰਘੂੜੇ ਵਿੱਚ 09 ਨਵੰਬਰ ਦੀ ਸ਼ਾਮ ਨੂੰ ਕੋਈ ਅਣਜਾਣ ਵਿਅਕਤੀ ਲੱਗਭਗ 02 ਮਹੀਨੇ ਦੀ ਬੱਚੀ ਛੱਡ ਗਿਆ। ਸੰਸਥਾ ਮੁਖੀ ਬੀਬੀ ਰਜਿੰਦਰ ਕੌਰ ਨੇ ਦੱਸਿਆ ਕਿ ਸਕਿਉਰਿਟੀ ਗਾਰਡ ਨੇ ਸ਼ਾਮੀ 07:25 'ਤੇ ਬੱਚੇ ਦੇ ਰੋਣ ਦੀ ਅਵਾਜ ਸੁਣੀ ਤਾਂ ਉਸ ਨੇ ਪੰਘੂੜੇ ਵਿੱਚ ਬੱਚੀ ਵੇਖੀ। ਜਿਸਦੀ ਸੂਚਨਾ ਉਸ ਨੇ ਤੁਰੰਤ ਸੇਵਾਦਾਰਾਂ ਨੂੰ ਦਿੱਤੀ। ਜਿਸ ਤੋਂ ਬਾਅਦ ਉਨ੍ਹਾਂ ਨੇ ਫੌਰੀ ਤੌਰ 'ਤੇ ਬੱਚੀ ਦੀ ਸੁਰੱਖਿਆ ਬਾਬਤ ਇੰਤਜਾਮ ਕਰਕੇ ਉਸਨੂੰ ਸੰਭਾਲਿਆ। ਕੱਪੜੇ ਬਦਲਣ ਸਮੇਂ ਪਤਾ ਲੱਗਿਆ ਕਿ ਬੱਚੀ ਦਾ ਖੱਬਾ ਹੱਥ ਨਹੀਂ ਹੈ। ਉਪਰੰਤ ਪੁਲਸ ਥਾਣਾ, ਕੁਰਾਲੀ ਅਤੇ ਜਿਲ੍ਹਾ ਬਾਲ ਸੁਰੱਖਿਆ ਅਫ਼ਸਰ, ਮੋਹਾਲੀ ਨੂੰ ਇਸ ਬਾਰੇ ਸੂਚਨਾ ਦੇ ਕੇ ਬੱਚੀ ਨੂੰ ਸਿਵਲ ਹਸਪਤਾਲ, ਫੇਜ਼-6, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਮੈਡੀਕਲ ਚੈੱਕਅਪ ਲਈ ਭੇਜਿਆ ਗਿਆ। ਹੁਣ ਬੱਚੀ ਸੰਸਥਾ ਦੀ ਸੰਭਾਲ ਅਧੀਨ ਹੈ।

ਦਸਮੇਸ਼ ਮਿਸ਼ਨ ਸਕੂਲ ਹਰੀਨੌ ਵਿਖੇ ਬਾਲ ਦਿਵਸ ਮਨਾਇਆ ਗਿਆ

ਬੱਚਿਆਂ ਦੇ ਕੁਇਜ਼ ਪੇਂਟਿੰਗ ਅਤੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ : ਬਲਜੀਤ ਸਿੰਘ

ਵਰਲਡ ਪੰਜਾਬੀ ਟਾਈਮਜ਼ ਦਿਨੂ ਕੁਮਾਰ

ਕੋਟਕਪੂਰਾ, 15 ਨਵੰਬਰ : ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌ ਵਿਖੇ ਬਾਲ ਦਿਵਸ ਮਨਾਇਆ ਗਿਆ। ਇਸ ਦਿਨ ਨੂੰ ਮਨਾਉਂਦੇ ਹੋਏ ਸਕੂਲ ਵਿੱਚ ਇੱਕ ਸਮਾਗਮ ਰੱਖਿਆ ਗਿਆ। ਇਸ ਪ੍ਰੋਗਰਾਮ ਵਿੱਚ ਬੱਚਿਆਂ ਦੇ ਕੁਇਜ਼ ਮੁਕਾਬਲੇ, ਪੇਂਟਿੰਗ ਮੁਕਾਬਲੇ ਅਤੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਨੂੰ ਸਕੂਲ ਦੇ ਚਾਰ ਹਾਊਸਾਂ ਗ੍ਰੀਨ ਹਾਊਸ, ਯੈਲੋ ਹਾਊਸ, ਬਲਿਊ ਹਾਊਸ ਅਤੇ ਰੈੱਡ ਹਾਊਸ ਵਿੱਚ ਛੇਵੀਂ ਤੋਂ ਨੌਵੀਂ ਅਤੇ ਦਸਵੀਂ ਤੋਂ ਬਾਰਵੀਂ ਦੇ ਗਰੁੱਪਾਂ ਵਿੱਚ ਕਰਵਾਇਆ ਗਿਆ। ਪ੍ਰੋਗ

ਵਰਲਡ ਪੰਜਾਬੀ ਟਾਈਮਜ਼ 15 ਨਵੰਬਰ 2025 ਦਿਨ ਸ਼ਨੀਵਾਰ

ਖੁਦਮੁਖਤਾਰੀ...

ਵਰਲਡ ਪੰਜਾਬੀ ਟਾਈਮਜ਼
ਮਨਦੀਪ ਸਿੰਘ ਸੋਖੇ (ਪਮਾਲ)

ਆਖ ਅਜ਼ਾਦੀ, ਭਾਈ ਵੰਡੇ।
ਵਿੱਛੜ ਗਏ ਰਾਵੀ ਦੇ ਕੰਢੇ।

ਅੱਖੀਂ ਟੱਬਰ ਰੁਲਦੇ ਵੇਖੇ,
ਪੱਲੇ ਪਾ ਲਏ 'ਕੱਲੇ ਝੰਡੇ।

ਖੁਦਮੁਖਤਾਰੀ ਲੱਭੀਏ ਕਿੱਥੋਂ,
ਰਹਿਗੇ ਹਾਂ ਵਜਾਉਂਦੇ ਡੰਡੇ।

ਪਾਣੀ ਖੋਹੇ, ਖੂਨ ਜ਼ਮੀਨਾਂ,
ਆਪੇ ਬੀਜੇ, ਚੁਗੀਏ ਕੰਡੇ।

ਗੁਰਬਾਣੀ ਇੱਥੇ ਬੇਪੱਤ ਹੋਵੇ,
ਦੱਸਣ ਕਾਨੂੰਨ, ਜਦ ਦੇਸ਼ੀ ਚੰਡੇ।

ਸ਼ਕਲ ਵੇਖ ਕੇ ਨਿਆਂ ਬਦਲਜੇ,
ਚੜ੍ਹਕੇ ਆਉਂਦੇ ਧਾਵੀ ਸੰਢੇ।

ਬੋਲੀ ਸਾਡੀ 'ਤੇ ਵੀ ਬੰਦਸ਼ਾਂ,
ਸੌ ਛਿੱਤਰਾਂ ਨਾਲ ਸੌ-ਸੌ ਗੰਢੇ।

ਹਰਡਲ-ਡੈਮ ਕਰੇ ਬੇਗਾਨੇ,
ਲੈਗੇ ਮੁਰਗੀ, ਖਾਂਦੇ ਅੰਡੇ।

ਨੌਕਰੀਆਂ 'ਤੇ ਹੱਕ ਰਹੇ ਨਾ,
ਕਹਿ ਨਸ਼ੇੜੀ ਹਰ ਕੋਈ ਭੰਡੇ।

ਚੰਡੀਗੜ੍ਹ ਦਾ ਮੁੱਦਾ ਪੈ ਗਿਆ,
ਦਰਾਕਿਆਂ ਪਿੱਛੇ ਬਸਤੇ ਠੰਡੇ।

ਯੂਨੀਵਰਸਿਟੀ ਵੀ ਲੈ ਜਾਣਗੇ,
ਚੁੱਕੇ ਨਾ ਜੇ 'ਸੋਖੇ' ਖੰਡੇ।

ਚਿੱਟਾ

ਵਰਲਡ ਪੰਜਾਬੀ ਟਾਈਮਜ਼
ਸੁਰਿੰਦਰਪਾਲ ਸਿੰਘ

ਪੰਜਾਬ ਨੂੰ ਘੁਣ ਬਣ ਚੰਬੜਿਆ ਚਿੱਟਾ
ਇਸ ਚੰਦਰੀ ਲਾਗ ਦਾ ਮੰਤ ਹੀ ਸਿੱਟਾ।

ਨੌਜਵਾਨੀ ਨੂੰ ਕੁਰਾਹੇ ਪਾ ਹੱਸਦੇ ਵੈਰੀ
ਮੌਤ ਨੱਚਾਉਂਦੇ ਨਜ਼ਰ ਮਾਰ ਕਹਿਰੀ।।

ਹੱਸਦੇ ਖੇਡਦੇ ਗੱਭਰੂ ਚਿੱਟੇ ਵਸ ਪੈ ਗਏ
ਖੇਡਦੇ ਸੀ ਕੰਡੀ ਕੈਸੇ ਚੰਦਰੇ ਝੱਸ ਪੈ ਗਏ।

ਪੰਜਾਬੀ ਮਾਰਦੇ ਸੀ ਦੰਡ ਜੁੱਸੇ ਰੱਖਦੇ ਚੰਡ
ਹੁਣ ਸ਼ਰੀਕਾਂ ਲਾ ਨਸ਼ਾ ਝਾਣ ਦਿੱਤੀ ਕੰਡ।।

ਮੂੰਹ ਹਨੇਰੇ ਉੱਠ ਗੁਰੂ ਘਰਾਂ ਨੂੰ ਸੀ ਜਾਂਦੇ
ਜਿੱਦੋਂ ਜਿੱਦੀ ਅੰਨੇ ਜ਼ੋਰ ਖੇਤ ਸੀ ਵਾਹੁੰਦੇ।

ਹੁਣ ਨਸ਼ਿਆਂ ਦੀ ਤੋਟ ਨਾਲ ਢੱਠਦੇ ਸਰੀਰ
ਨਸ਼ਾ ਨਾ ਟੁੱਟਣ ਦਿੰਦੇ ਭਾਵੇ ਵਿੱਕੇ ਜ਼ਮੀਰ।

ਕੈਸੀ ਪੰਜਾਬ ਨੂੰ ਲੱਗੀ ਨਸ਼ਿਆਂ ਦੀ ਅੱਗ
ਇਸ ਨੂੰ ਬੁਝਾਉਣ ਲਈ ਕਦੋਂ ਨਿਤਰੂ ਜੱਗ

ਇਹ ਬਣ ਹਨੇਰੀ ਬੁਝਾਵੇ ਨੌਜਵਾਨੀ ਦੀਵੇ
ਕੌਣ ਇਸਦਾ ਜ਼ਹਿਰ ਆਪਣੇ ਅੰਦਰ ਪੀਵੇ

ਰੱਬਾ ਤੇਰੇ ਦਰ ਤੇ ਐਸ ਪੀ ਕਰੇ ਅਰਦਾਸ
ਚਿੱਟੇ ਦੈਂਤ ਦੇ ਮੁਕਣ ਦੀ ਲਾ ਬੈਠਾ ਆਸ।।

ਮਰਦ ਪ੍ਰਧਾਨ ਸਮਾਜ ਤੇ ਚੋਟ ਕਰਦੀ ਫ਼ਿਲਮ ਗੋਡੇ ਗੋਡੇ ਚਾਅ 2

ਵਰਲਡ ਪੰਜਾਬੀ ਟਾਈਮਜ਼
ਰਜਵਿੰਦਰ ਪਾਲ ਸ਼ਰਮਾ

ਕੋਈ ਸਮਾਂ ਸੀ ਜਦੋਂ ਔਰਤ ਨੂੰ ਪੈਰ ਦੀ ਜੁੱਤੀ ਸਮਝਦਿਆਂ ਪਰਦੇ ਦੇ ਥੱਲੇ ਅਤੇ ਘਰ ਵਿੱਚ ਡੱਕ ਕੇ ਰੱਖਿਆ ਜਾਂਦਾ ਪ੍ਰੰਤੂ ਦਿਨੋਂ ਦਿਨ ਸਮਾਜ ਵਿੱਚ ਹੋ ਰਹੇ ਸਿੱਖਿਆ ਦੇ ਪ੍ਰਸਾਰ ਅਤੇ ਤਕਨਾਲੋਜੀ ਦੇ ਵਾਧੇ ਨੇ ਔਰਤਾਂ ਨੂੰ ਵੀ ਆਪਣੇ ਹੱਕਾਂ ਅਤੇ ਅਧਿਕਾਰਾਂ ਦੀ ਰਾਖੀ ਲਈ ਲਾਮਬੰਦ ਹੋਣ ਦਾ ਸੱਦਾ ਦਿੱਤਾ ਹੈ।ਪੁਰਾਤਨ ਸਮੇਂ ਵਿੱਚ ਵਿਆਹਾਂ ਦੀ ਰਵਾਇਤ ਸੀ ਕਿ ਕੇਵਲ ਮਰਦ ਹੀ ਜੰਞ ਜਾਂਦੇ ਅਤੇ ਔਰਤਾਂ ਨੂੰ ਸਿਰਫ਼ ਘਰ ਦੇ ਚੁੱਲ੍ਹੇ ਚੌਕੇ ਤੱਕ ਸੀਮਿਤ ਕਰਦਿਆਂ ਘਰੇ ਰਹਿਣ ਲਈ ਕਿਹਾ ਜਾਂਦਾ।ਉਹ ਨੱਚਦੀਆਂ ਗੀਤੀ ਰਿਵਾਜਾਂ ਅਨੁਸਾਰ ਸ਼ਗਨ ਮਨਾਉਂਦੀਆਂ ਪ੍ਰੰਤੂ ਜੰਞ ਵਿੱਚ ਜਾਣ ਦਾ ਚਾਅ ਅਧੂਰਾ ਰਹਿ ਜਾਂਦਾ।ਮਰਦ ਪ੍ਰਧਾਨ ਸਮਾਜ ਕੇਵਲ ਮਰਦਾਂ ਨੂੰ ਹੀ ਜੰਞ ਜਾਣ ਦੀ ਇਜਾਜ਼ਤ ਦਿੰਦਾ ਪ੍ਰੰਤੂ 2023 ਵਿੱਚ ਰਿਲੀਜ਼ ਹੋਈ ਫ਼ਿਲਮ ਗੋਡੇ ਗੋਡੇ ਚਾਅ ਨੇ ਮਰਦ ਪ੍ਰਧਾਨ ਸਮਾਜ ਦੀ ਸੌੜੀ ਅਤੇ ਰੂੜੀਵਾਦੀ ਸੋਚ ਨੂੰ ਵੰਗਾਰ ਕੇ ਔਰਤਾਂ ਨੂੰ ਵੀ ਜੰਞ ਵਿੱਚ ਜਾਣ ਲਈ ਪ੍ਰੇਰਿਤ ਕੀਤਾ।ਇਹ ਅਜੇਕੇ ਸਮੇਂ ਦੀ ਹਕੀਕਤ ਹੈ।ਹੁਣ ਔਰਤਾਂ ਵੀ ਬਰਾਤ ਜਾਂਦੀਆਂ ਹਨ। ਪੈਲੇਸਾਂ ਵਿੱਚ ਹੋਣ ਵਾਲੇ ਕੁੱਝ ਘੰਟਿਆਂ ਦੇ ਵਿਆਹਾਂ ਵਿੱਚ ਔਰਤਾਂ ਦੀ ਗਿਣਤੀ ਮਰਦਾਂ ਦੇ ਬਰਾਬਰ ਹੀ ਹੁੰਦੀ ਹੈ।ਹੁਣ ਜਦੋਂ ਔਰਤ ਮਰਦ ਦੇ ਬਰਾਬਰ ਪਹੁੰਚ ਚੁੱਕੀ ਹੈ ਅਤੇ ਅੱਗੇ ਲੰਘ ਕੇ ਸਮਾਜ ਦੀ ਸਦੀਆਂ ਤੋਂ ਚਲੀ ਆ ਰਹੀ ਰੂੜੀਵਾਦੀ ਸੋਚ ਨੂੰ ਵੰਗਾਰਦੀ ਹੈ ਤਾਂ ਇਹ ਬਦਲਾਅ ਮਰਦ ਪ੍ਰਧਾਨ ਸਮਾਜ ਨੂੰ ਹਾਜ਼ਮ ਨਹੀਂ ਹੋ ਰਿਹਾ।ਹੁਣ ਫ਼ਿਲਮ ਗੋਡੇ ਗੋਡੇ ਚਾਅ ਭਾਗ 2 ਰਾਹੀਂ ਮਰਦ ਫ਼ਿਰ ਔਰਤਾਂ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰ ਰਹੇ ਹਨ ਕਿ ਉਹਨਾਂ ਨੂੰ ਉਹਨਾਂ ਦਾ ਪੁਰਾਣਾ ਬਣਦਾ ਮਾਣ ਸਨਮਾਨ ਦਿੱਤਾ ਜਾਵੇ ਭਾਵ ਔਰਤ ਮਰਦ ਦੇ ਪੈਰ ਦੀ ਜੁੱਤੀ ਬਣ ਕੇ ਉਸਦਾ ਹੁਕਮ ਮੰਨੇ।

ਜੀ ਸਟੂਡੀਓ ਅਤੇ ਵੀ ਐੱਚ ਇੰਟਰਟੈਨਮੈਂਟ ਦੁਆਰਾ ਪੇਸ਼ ਕੀਤੀ ਜਾ ਰਹੀ ਫ਼ਿਲਮ ਗੋਡੇ ਗੋਡੇ ਚਾਅ 2 ਦੀ ਕਹਾਣੀ ਨੂੰ ਜਗਦੀਪ ਸਿੱਧੂ ਦੁਆਰਾ ਕਲਮਬੱਧ ਕਰਕੇ, ਵਿਜੇ ਕੁਮਾਰ ਅਰੋੜਾ ਦੀ ਡਾਇਰੈਕਸ਼ਨ ਅਤੇ ਉਮੇਸ਼ ਕੁਮਾਰ ਬਾਂਸਲ ਅਤੇ ਵਰੁਣ ਅਰੋੜਾ ਦੁਆਰਾ ਪਰੋਡਿਊਸ ਕੀਤਾ ਗਿਆ ਹੈ। ਫ਼ਿਲਮ ਦਰਸ਼ਕਾਂ ਲਈ ਦਿਵਾਲੀ ਲਈ ਇੱਕ ਤੋਹਫ਼ਾ ਸੀ, ਜ਼ੋ ਕਿ ਸਿਨੇਮਾ ਘਰਾਂ ਵਿੱਚ ਰਿਲੀਜ਼ ਹੋ ਚੁੱਕੀ ਹੈ। ਫ਼ਿਲਮ ਦੇ ਟ੍ਰੇਲਰ ਨੂੰ ਵੀ ਦਰਸ਼ਕਾਂ ਵੱਲੋਂ ਖੂਬ ਹੁੰਗਾਰਾ ਮਿਲਿਆ।ਫ਼ਿਲਮ ਦੇ ਸਾਰੇ ਹੀ ਗਾਣੇ ਕਹਾਣੀ ਦੀ ਗੋਂਦ ਤੇ ਫਿੱਟ ਬੈਠਦੇ ਹਨ। ਫ਼ਿਲਮ ਦੇ ਗਾਣਿਆਂ ਨੂੰ ਐਮੀ ਵਿਰਕ, ਨਛੱਤਰ ਗਿੱਲ, ਅਫ਼ਸਾਨਾ ਖ਼ਾਨ ਅਤੇ ਗੁਰਜੱਜ ਦੁਆਰਾ ਆਵਾਜ਼ ਦੇ ਕੇ ਫ਼ਿਲਮ ਦੀ ਕਹਾਣੀ ਨੂੰ ਹੋਰ ਵੀ ਦਿਲਚਸਪ ਬਣਾ ਕੇ ਪੇਸ਼ ਕੀਤਾ ਹੈ। ਗੋਡੇ ਗੋਡੇ ਚਾਅ 2 ਵਿੱਚ ਸ਼ਾਮਿਲ ਅਦਾਕਾਰਾਂ ਵਿੱਚ ਨਿਰਮਲ ਰਿਸ਼ੀ,ਤਾਨੀਆ,ਐਮੀ ਵਿਰਕ,ਗਿਤਾਜ ਬਿੰਦਰੱਖੀਆ, ਗੁਰਪ੍ਰੀਤ ਭੰਗੂ, ਰੁਪਿੰਦਰ ਰੂਪੀ,ਸਰਦਾਰ ਸੋਹੀ, ਸੀਮਾ ਕੌਸ਼ਲ ਅਤੇ ਗੁਰਦਿਆਲ ਪਾਰਸ ਸ਼ਾਮਿਲ ਹਨ। ਫ਼ਿਲਮ ਦੇ ਪਹਿਲੇ ਭਾਗ ਵਿੱਚ ਮੌਜੂਦ ਸੋਨਮ ਬਾਜਵਾ ਦੀ ਕਮੀਂ ਕਿਤੇ ਨਾ ਕਿਤੇ ਜ਼ਰੂਰ ਮਹਿਸੂਸ ਹੁੰਦੀ ਹੈ।ਫ਼ਿਲਮ ਦਾ ਪਹਿਲਾ ਭਾਗ 71 ਵੇਂ ਫ਼ਿਲਮ ਫੇਅਰ ਵਿੱਚ ਬੈਸਟ ਪੰਜਾਬੀ ਫ਼ਿਲਮ ਦਾ ਇਨਾਮ ਜਿੱਤ ਚੁੱਕਿਆ ਹੈ। ਉਮੀਦ ਕਰਦੇ ਹਾਂ ਕਿ ਫ਼ਿਲਮ ਗੋਡੇ ਗੋਡੇ ਚਾਅ ਦਾ ਦੂਜਾ ਭਾਗ ਵੀ ਦਰਸ਼ਕਾਂ ਦਾ ਦਿਲ ਜਿੱਤ ਕੇ ਪੰਜਾਬੀ ਸਿਨੇਮਾ ਦੀ ਝੋਲ਼ੀ ਵਿੱਚ ਇੱਕ ਹੋਰ ਸਨਮਾਨ ਪਾਵੇਗੀ। ਫ਼ਿਲਮ ਔਰਤ ਅਤੇ ਮਰਦ ਦੀ ਨੋਕ ਝੋਕ ਦੇ ਨਾਲ ਨਾਲ ਹਾਸਾ ਠੱਠਾ ਪੈਦਾ ਕਰਦੀ ਸਮਾਜ ਨੂੰ ਬਰਾਬਰੀ ਦਾ ਸੰਦੇਸ਼ ਦੇਣ ਵਿੱਚ ਕਾਮਯਾਬ ਰਹੀ ਹੈ।

ਸਰਦੀਆਂ ਦੀ ਰੁੱਤ ਵਿੱਚ ਸਬਜ਼ੀਆਂ ਦੀ ਵਧੇਰੇ ਕਾਸ਼ਤ, ਗ਼ਰੀਬ ਵਰਗ ਦੇ ਲੋਕਾਂ ਲਈ ਲਾਹੇਵੰਦ-

ਵਰਲਡ ਪੰਜਾਬੀ ਟਾਈਮਜ਼
ਦਿਲਸ਼ਾਨ

ਮਹਿੰਗਾਈ ਵੱਧ ਹੋਣ ਕਰਕੇ ਗ਼ਰੀਬ ਲੋਕਾਂ ਨੂੰ ਅੱਜ-ਕੱਲ੍ਹ ਸਬਜ਼ੀ ਖਰੀਦਣੀ ਵੀ ਬੜੀ ਔਖੀ ਲੱਗਦੀ ਹੈ ਕਿਉਂਕਿ ਤਕਰੀਬਨ ਪਿਛਲੇ ਦੋ, ਤਿੰਨ ਮਹੀਨਿਆਂ ਤੋਂ ਲੈ ਕੇ ਇੱਕ ਕਿਲੋਗ੍ਰਾਮ ਸਬਜ਼ੀ ਦਾ ਰੇਟ ਲਗਭਗ 80 ਤੋਂ ਲੈ ਕੇ 120 ਰੁਪਏ ਹੁਣ ਤੱਕ ਰਿਹਾ ਹੈ ਪਰ ਹੁਣ ਜਦੋਂ ਸਰਦੀ ਦੀ ਰੁੱਤ ਵਿੱਚ ਠੰਡ ਹੋਣ ਲੱਗੀ ਹੈ ਤਾਂ ਸਬਜ਼ੀਆਂ ਦਾ ਰੇਟ ਦਿਨ -ਬ -ਦਿਨ ਘਟ ਰਿਹਾ ਹੈ।ਕਿਉਂਕਿ ਇਹਨਾਂ ਦਿਨਾਂ ਵਿੱਚ ਸਰ੍ਹੋਂ ਦਾ ਸਾਗ, ਪਾਲਕ, ਮੂਲੀ, ਗਾਜਰ, ਸ਼ਲਗਮ, ਗੋਭੀ ਆਦਿ ਖੇਤਾਂ ਵਿੱਚ ਆਮ ਹੋ ਜਾਂਦੇ ਹਨ।ਕਈ ਲੋਕ ਆਪਣੇ ਘਰ ਦੇ ਨੇੜੇ ਖਾਲੀ ਥਾਵਾਂ ਵਿੱਚ ਵੀ ਸਬਜ਼ੀ ਲਗਾ ਲੈਂਦੇ ਹਨ। ਘਰ ਵਿੱਚ ਲਗਾਈ ਸਬਜੀ ਦੇ ਬੜੇ ਫਾਇਦੇ ਹਨ ਕਿਉਂਕਿ ਬਿਨਾਂ ਰੇਹ, ਸਪਰੇਅ ਦੇ ਉਘਾਈ ਸਬਜੀ ਸਿਹਤ ਲਈ ਨੁਕਸਾਨਦੇਹ ਨਹੀਂ ਹੁੰਦੀ।

ਸਰਦੀ ਦੀ ਰੁੱਤ ਸ਼ੁਰੂ ਹੋਣ ਸਮੇਂ ਸਤੰਬਰ, ਅਕਤੂਬਰ ਦੇ ਮਹੀਨੇ ਵਿੱਚ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਅਤੇ ਧੁੰਦ ਵਾਲੇ ਦਿਨ ਆਉਣ ਤੱਕ ਸਬਜ਼ੀਆਂ ਤਿਆਰ ਹੋ ਕੇ ਆਮ ਹੋ ਜਾਂਦੀਆਂ ਹਨ। ਸਰਦੀਆਂ ਦੀ ਰੁੱਤ ਵਿੱਚ ਲਗਾਈ ਗਈ ਸਬਜੀ ਨੂੰ ਜਿਆਦਾ ਪਾਣੀ ਦੇਣ ਦੀ ਵੀ ਲੋੜ ਨਹੀਂ ਹੁੰਦੀ ਕਿਉਂਕਿ ਧੁੰਦ, ਤਰੇਲ ਦੀ ਨਮੀ ਹੋਣ ਕਰਕੇ ਸਬਜ਼ੀ ਵਾਲੀ ਥਾਂ ਵਿੱਚ ਸਿੱਲ੍ਹ ਰਹਿੰਦੀ ਹੈ।ਸਰ੍ਹੋਂ ਦੇ ਸਾਗ ਦੀਆਂ ਗੰਦਲਾਂ ਤੋੜਨ ਤੋਂ ਬਾਅਦ ਫਿਰ ਫੁੱਟ ਆਉਂਦੀਆਂ ਹਨ ਜਿਸ ਕਰਕੇ ਕੁਝ ਦਿਨਾਂ ਬਾਅਦ ਸਾਗ ਫਿਰ ਬਣਾਇਆ ਜਾ ਸਕਦਾ ਹੈ।

ਧਣੀਆਂ, ਮੇਥੀ, ਮੇਥੇ ਆਦਿ ਵੀ ਸਬਜ਼ੀਆਂ ਨੂੰ ਹੋਰ ਸਵਾਦਿਸ਼ਟ ਬਣਾਉਣ ਲਈ ਵਰਤੇ ਜਾਂਦੇ ਹਨ।

ਇਸ ਤਰ੍ਹਾਂ ਹੀ ਗਾਜਰ, ਮੂਲੀ, ਸ਼ਲਗਮ ਆਦਿ ਸਬਜੀਆਂ ਦੀ ਵੱਖਰੀ-ਵੱਖਰੀ ਲੱਜਤ ਅਤੇ ਸਵਾਦ ਹਨ। ਗਾਜਰ, ਬੰਦ ਗੋਭੀ ਮੂਲੀ,ਵਿੱਚ ਹੋਰ ਵੀ ਗੁਣ ਹੁੰਦੇ ਹਨ, ਜਿਵੇਂ ਕਿ ਗਾਜਰ ਦਾ ਰਸ ਕੱਢ ਕੇ ਪੀਤਾ ਜਾਂਦਾ ਹੈ ਤੇ ਮੂਲੀ, ਬੰਦ ਗੋਭੀ ਨੂੰ ਸਲਾਦ ਦੇ ਤੌਰ ਤੇ ਵਰਤਿਆ ਜਾਂਦਾ ਹੈ।ਇਸ ਲਈ ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਹੱਥੀਂ ਮਿਹਨਤ ਕਰਕੇ ਸਬਜੀਆਂ ਦੀ ਕਾਸ਼ਤ ਵਧਾਉਣੀ ਚਾਹੀਦੀ ਹੈ ਤਾਂ ਕਿ ਬਿਮਾਰੀਆਂ ਅਤੇ ਮਹਿੰਗਾਈ ਨੂੰ ਘਟਾਇਆ ਜਾ ਸਕੇ।

ਮੈਂ ਕਿਉ ਸੋਚ ਰਹੀ ਹਾਂ***

ਮੈਂ ਬਾਗ਼ ਵਿਚ ਬੈਠੀ ਸੋਚਾਂ ਸੋਚ ਰਹੀ ਹਾਂ।
ਅਸਮਾਨ ਖਾਮੋਸ਼ ਗਹਿਰਾ
ਨਜ਼ਰ ਆ ਰਿਹਾ ਏ ਸਾਫ਼ ਸੁਥਰਾ

ਸੂਰਜ ਨਹੀਂ ਦਿੱਖ ਰਿਹਾ ਮੱਧਮ ਰੌਸ਼ਨੀ ਹੈ।

ਭਾਵੇਂ ਲੋਢਾ ਵੇਲਾ ਹੈ।
ਬੱਦਲ ਵਸ ਰਿਹਾ ਹੈ
ਪਰ ਬੇਜੋਰ ਹੈ
ਨਿਰੰਤਰ ਬਾਰਸ਼ ਦਾ ਬੇਸੁਰ ਹੈ।
ਸੁਰ ਸਿਰਫ਼ ਟੀਨਾਂ ਜਾਂ ਛੱਤਰੀ ਦੀ ਛੱਤ ਦਾ।
ਦੂਰ ਬਾਗ਼ ਵਿਚ ਇਕ ਪੌਦੇ ਤੇ ਗੁਲਾਬ ਤੇ ਨਜ਼ਰ ਟਿਕ ਗਈ

ਮੈਂ ਸੋਚਿਆ ਗੁਲਾਬ ਦਾ ਫੁਲ ਬਣ ਜਾਵਾਂ।
ਮੇਰੇ ਚਿਹਰੇ ਦਾ ਰੰਗ ਲਾਲ ਸੂਆ ਹੋ ਜਾਏ।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਬਾਰਸ਼ ਹਲਕੀ ਹੋ ਗਈ।
ਸੋਚਿਆ ਬਾਗ ਦਾ ਇਕ ਗੇੜਾ ਲਗਾਂ ਆਵਾਂ।

ਇਕ ਮੁਟਿਆਰ ਦਿਖੀ ਮੈਨੂੰ।
ਉਸ ਦੀ ਅੱਖਾਂ ਦੀ ਤੱਕਣੀ ਦੇਖ ਕੇ ਮੈਂ ਲਾਜਵਾਬ ਹੋ ਗਿਆ।
ਉਹ ਸੂਰਜ ਦੀ ਤਪਸ਼ ਵਾਂਗ ਲਾਲ ਸੂਈ ਸੀ।
ਬਾਰਸ਼ ਫਿਰ ਤੇਜ ਹੋਵੇਗੀ।
ਜਦੋਂ ਮੈਂ ਤੱਲੀ ਅੱਗੇ ਕੀਤੀ ਮੇਰੀ ਤੱਲੀ ਤੇ ਕਣੀਆਂ ਗਿਰਣ ਲਗ ਪਿਆ
ਸੋਰ ਬਿਲਕੁਲ ਨਹੀਂ ਕਰਦੀ ਸੀ।
ਬੱਦਲ ਉਸ ਸੋਰ ਵਿਚ ਘੁਲ ਮਿਲ ਵਰ੍ਹਦਾ ਹੈ।
ਅਸਮਾਨ।
ਬੱਦਲ।
ਬਾਰਸ਼
ਧਰਤੀ
ਬੇਸੁਰ ਹੈ।
ਮੈਂ ਸੁਣ ਰਹੀ ਵੇਖ ਰਹੀ
ਮਹਿਸੂਸ ਕਰ ਰਹੀ।
ਬਾਰਸ਼ ਲਗਾਤਾਰ ਹੋ ਰਹੀ
ਖਾਮੋਸ਼ ਹੈ
ਮੈਂ ਕਿਉਂ ਇਹ ਸਭ ਦੇਖ ਕੇ ਸੋਚ ਰਹੀ ਹਾਂ।
ਮੈਂ ਫਿਰ ਉਸ ਮੁਟਿਆਰ ਨੂੰ ਦੇਖ ਕੇ ਮਾਂ ਵੀ ਹੋ ਸਕਦੀ ਹੈ।

ਕਿਸੇ ਦੀ ਭੈਣ , ਧੀ, ਕਿਸੇ ਦੀ ਪ੍ਰੇਮਿਕਾ ਵੀ ਹੋ ਸਕਦੀ ਹੈ
ਲੋਕੀਂ ਆਖਣ ਔਰਤ ਤਾਂ ਹਰ ਇਕ ਕਿਉਂ ਚਾਹੇ।
ਉਹ ਸ਼ਰਾਬ ਦੇ ਪੈਮਾਨੇ ਦਾ
ਨਸ਼ਾ ਦੇਵੇ।
ਸੋਚੋ ਕੀ ਹੋਵੇਗਾ।
ਪਰ ਮੈਂ ਕਿਉਂ ਸੋਚ ਰਹੀ ਹਾਂ
ਫਿਰ ਉਠੀ ਤੇ ਆਪਣੇ ਰਾਸਤੇ ਚੱਲੀ।

ਬੀਤੇ ਹੋਏ ਵਕਤ

ਹਲ ਵਗਦੇ ਸੀ ਜਦ ਖੇਤਾਂ ਵਿੱਚ,
ਗਲ੍ਹ ਬਲਦਾਂ ਟੱਲੀਆਂ ਬੋਲਦੀਆਂ।
ਕੋਈ ਰਾਗ ਇਲਾਹੀ ਛਿੜ ਜਾਂਦਾ,
ਸੀ ਪੈਂਣਾਂ ਵਿੱਚ ਰਸ ਘੋਲਦੀਆਂ।

ਹਾਲੀ ਹੱਕਦਾ ਬੱਗੇ-ਨਾਰੇ ਨੂੰ,
ਤੇ ਤੱਤਾ – ਠੱਠਾ ਕਹਿੰਦਾ ਸੀ।
ਪਹੁ ਪਾਟੀ ਛਾਵੇਂ ਤਾਰਿਆਂ ਦੀ,
ਜਾ ਖੇਤਾਂ ਵਿੱਚ ਬਹਿੰਦਾ ਸੀ।

ਕੰਮ ਨਿਬੇੜ ਸੁਆਣੀ ਜਾਂਦੀ ਸੀ,
ਪਿੱਛੇ ਲੈ ਕੇ ਭੱਤਾ ਹਾਲੀ ਦਾ।
ਬੜੇ ਸ਼ਾਂਤ ਲੋਕੀ ਜਿਉਂਦੇ ਸੀ,
ਕੰਮ ਨਹੀਂ ਸੀ ਕੋਈ ਕਾਹਲ਼ੀ ਦਾ।

ਕੁਦਰਤ ਨਾਲ ਰਲ ਰਹਿੰਦੇ,
ਉਹ ਵੀ ਹੱਸਦੀ ਰਹਿੰਦੀ ਸੀ।
ਭੋਲੇ ਭਾਲਲਿਆਂ ਚੇਹਰਿਆ ਦੀ,
ਲਾਲੀ ਬੜਾ ਕੁੱਝ ਕਹਿੰਦੀ ਸੀ।

ਵਧੀਆ ਸੀ ਜੀਵਨ ਉਸ ਵੇਲੇ,
ਖਾਂਦੇ ਦੇਸੀ ਸਭ ਖੁਰਾਕਾਂ ਸੀ।
ਰੱਬ ਦੀਆਂ ਦਿੱਤੀਆਂ ਖਾ ਲੈਂਦੇ,
ਨਾ ਕੋਈ ਬਹੁਤੀਆਂ ਝਾਕਾਂ ਸੀ।

ਅੱਜ ਜ਼ਮਾਨਾ ਹੈ ਉਲਟ ਕਿੰਨਾਂ,
ਮਨੁੱਖ ਬੜਾ ਮਗ਼ਰੂਰ ਹੋਇਆ।
'ਪੱਤੋ' ਉਹ ਕੁਦਰਤ ਦੇ ਨੇੜੇ ਸੀ,
ਹੁਣ ਫਿਰੇ ਇਹ ਦੂਰ ਹੋਇਆ।

ਵਰਲਡ ਪੰਜਾਬੀ ਟਾਈਮਜ਼
ਰਣਧੀਰ ਪੱਤੋ